**Mississauga ਦੀਆਂ 2024 ਦੀਆਂ ਉਪ-ਚੋਣਾਂ ਲਈ ਇਲੈਕਸ਼ਨ ਵਰਕਰ ਬਣਨ ਲਈ ਅਪਲਾਈ ਕਰੋ**

7 ਮਾਰਚ, 2024

City of Mississauga, 2024 ਦੀਆਂ ਉਪ-ਚੋਣਾਂ ਲਈ election workers ਰੱਖ ਰਹੀ ਹੈ, ਜੋ ਸੋਮਵਾਰ, 10 ਜੂਨ, 2024 ਨੂੰ ਹੋ ਰਹੀਆਂ ਹਨ। Mississauga ਵਿੱਚ ਵੋਟਿੰਗ ਸਥਾਨ ਵਿਖੇ ਭੁਗਤਾਨ ਵਾਲੇ ਅਹੁਦਿਆਂ ਵਿੱਚੋਂ ਇੱਕ ਵਿੱਚ ਕੰਮ ਲਈ ਅਪਲਾਈ ਕਰਕੇ, ਆਪਣੀ ਕਮਿਊਨਿਟੀ ਵਿੱਚ ਬਦਲਾਅ ਲਿਆਓ।

ਲੈਜਿਸਲੇਟਿਵ ਸਰਵਿਸਿਜ ਦੀ ਸਿਟੀ ਕਲਰਕ ਅਤੇ ਡਾਇਰੈਕਟਰ, Diana Rusnov ਨੇ ਕਿਹਾ, "ਆਉਣ ਵਾਲੀਆਂ ਉਪ-ਚੋਣਾਂ ਵਿੱਚ ਸ਼ਾਮਲ ਹੋਣ ਨਾਲ, ਤੁਹਾਡੀ ਲੋਕਲ ਕਮਿਊਨਿਟੀ ਨਾਲ ਜੁੜਨ ਦਾ ਇੱਕ ਸ਼ਾਨਦਾਰ ਮੌਕਾ ਹੈ।" ਉਹਨਾਂ ਨੇ ਅੱਗੇ ਕਿਹਾ, "ਅਪਲਾਈ ਕਰਨ ਵੇਲੇ, ਤੁਹਾਡੇ ਕੋਲ ਵਿਕਲਪ ਹੋਵੇਗਾ ਕਿ ਇਕੱਲੇ ਅਪਲਾਈ ਕਰੋ ਜਾਂ ਦੋਸਤਾਂ ਅਤੇ ਪਰਿਵਾਰ ਦੇ ਨਾਲ ਇੱਕ ਟੀਮ ਬਣਾਓ।

ਇਸ ਨਾਲ ਸਾਰੇ ਗਰੁੱਪ ਦੇ ਮੈਂਬਰ ਇੱਕੋ ਵੋਟਿੰਗ ਸਥਾਨ ਵਿਖੇ ਕੰਮ ਕਰ ਸਕਣਗੇ। ਅਸੀਂ ਇਹਨਾਂ ਬੇਨਤੀਆਂ ਨੂੰ ਪੂਰਾ ਕਰਨ ਦਾ ਹਰ ਸੰਭਵ ਯਤਨ ਕਰਦੇ ਹਾਂ, ਜਦੋਂ ਵੀ ਸੰਭਵ ਹੁੰਦਾ ਹੈ।"

## ਪਾਤਰਤਾ

ਇਲੈਕਸ਼ਨ ਵਰਕਰ ਬਣਨ ਵਾਸਤੇ, ਤੁਹਾਡੇ ਲਈ ਲਾਜ਼ਮੀ ਹੈ:

- ਤੁਹਾਡੀ ਉਮਰ ਘੱਟੋ-ਘੱਟ 16 ਸਾਲ ਹੋਵੇ
- Canada ਵਿੱਚ ਕਨੂੰਨੀ ਤੌਰ ਤੇ ਕੰਮ ਕਰਨ ਦਾ ਅਧਿਕਾਰ ਹੋਵੇ
- ਨਿੱਜੀ ਈਮੇਲ ਪਤੇ ਤੱਕ ਪਹੁੰਚ ਹੋਵੇ, ਜੋ ਕਿਸੇ ਹੋਰ ਨਾਲ ਸਾਂਝਾ ਨਾ ਕੀਤਾ ਗਿਆ ਹੋਵੇ

## ਸਮੇਂ ਦੀ ਵਚਨਬੱਧਤਾ

ਉਪ-ਚੋਣਾਂ ਵਾਲੇ ਦਿਨ ਦੇ ਦੌਰਾਨ, ਤੁਹਾਨੂੰ ਸਵੇਰੇ 8:30 ਵਜੇ ਤੋਂ ਲੈ ਕੇ ਲੋਕੇਸ਼ਨ ਮੈਨੇਜਰ ਵੱਲੋਂ ਛੁੱਟੀ ਦਿੱਤੇ ਜਾਣ ਤੱਕ ਕੰਮ ਕਰਨਾ ਹੋਵੇਗਾ। ਤੁਹਾਨੂੰ ਟ੍ਰੇਨਿੰਗ ਵਿੱਚ ਹਿੱਸਾ ਵੀ ਲੈਣਾ ਹੋਵੇਗਾ ਅਤੇ ਕੁਝ ਭੂਮਿਕਾਵਾਂ ਲਈ, ਨਿਰਧਾਰਤ ਕਾਰਜ ਘੰਟਿਆਂ ਤੋਂ ਬਾਅਦ ਵਾਧੂ ਡਿਊਟੀਆਂ ਹੋ ਸਕਦੀਆਂ ਹਨ, ਜਿਵੇਂ ਸਮਾਨ ਅਤੇ ਉਪਕਰਨ ਨੂੰ ਲਿਆਉਣਾ-ਲੈ ਜਾਣਾ। ਤੁਸੀਂ ਨਿਰਧਾਰਤ ਡਿਊਟੀਆਂ ਬਾਰੇ ਹੋਰ ਵੇਰਵੇ, job descriptions ਵਿੱਚ ਦੇਖ ਸਕਦੇ ਹੋ।

## ਟ੍ਰੇਨਿੰਗ

ਇਲੈਕਸ਼ਨ ਵਰਕਰ ਵਜੋਂ, ਤੁਹਾਨੂੰ ਅਹੁਦੇ ਦੇ ਅਧਾਰ ਤੇ, ਤਿੰਨ ਘੰਟਿਆਂ ਤੱਕ ਦੀ, ਵਿਅਕਤੀਗਤ ਜਾਂ ਵਰਚੁਅਲ ਇੰਸਟ੍ਰਕਸ਼ਨ-ਸੰਚਾਲਿਤ ਟ੍ਰੇਨਿੰਗ ਕਰਨੀ ਹੋਵੇਗੀ। ਕੁਝ ਅਹੁਦਿਆਂ ਲਈ ਇਹ ਵੀ ਜ਼ਰੂਰੀ ਹੋ ਸਕਦਾ ਹੈ ਕਿ ਤੁਸੀਂ ਇੱਕ ਵਾਧੂ ਔਨਲਾਈਨ ਟ੍ਰੇਨਿੰਗ ਮਾੱਡਿਊਲ ਪੂਰਾ ਕਰੋ। ਖਾਸ ਵੇਰਵਿਆਂ ਲਈ job descriptions ਦੇਖੋ।

## ਅਹੁਦੇ ਅਤੇ ਨੌਕਰੀ ਦੇ ਵਰਣਨ

### ਡਿਪਟੀ ਰਿਟਰਨਿੰਗ ਅਫਸਰ

- ਚੋਣਕਾਰਾਂ ਦੀ ਪਛਾਣ ਦੀ ਤਸਦੀਕ ਕਰਨਾ
- ਯੋਗ ਚੋਣਕਾਰਾਂ ਲਈ ਬੈਲਟਾਂ ਜਾਰੀ ਕਰਨਾ
- ਇਲੈਕਟ੍ਰੋਨਿਕ ਵੋਟਰ ਸੂਚੀ ਵਿੱਚ ਨਾਮ ਕੱਟਣ ਲਈ ਕੰਪਿਊਟਰ ਐਪਲੀਕੇਸ਼ਨ ਵਰਤਣਾ
- ਜ਼ਰੂਰਤ ਪੈਣ ਤੇ ਵੋਟਰਸ ਸੂਚੀ ਵਿੱਚ ਸੋਧ ਕਰਨਾ
- ਲੈਪਟੌਪ ਸੈਟ ਅੱਪ ਅਤੇ ਪੈਕ ਕਰਨ ਵਿੱਚ ਸਹਾਇਤਾ
- ਲਾਜ਼ਮੀ ਹੈ ਕਿ ਲੈਪਟੌਪ ਵਰਤਣ ਦਾ ਅਨੁਭਵ ਹੋਵੇ, ਵੇਰਵਿਆਂ ਤੇ ਤੇਜ਼ ਨਜ਼ਰ ਹੋਵੇ ਅਤੇ ਜ਼ਿਆਦਾ ਸਮੇਂ ਤੱਕ ਬੈਠਣ ਅਤੇ ਲੈਪਟੌਪ ਤੇ ਕੰਮ ਕਰਨ ਦੇ ਯੋਗ ਹੋਵੇ

### ਓਪਰੇਟਰ

- ਵੋਟ ਟੈਬੁਲੇਟਰ ਦੁਆਰਾ ਨਿਸ਼ਾਨ ਲਗਾਈਆਂ ਬੈਲਟਾਂ ਨੂੰ ਫੀਡ ਕਰਨਾ
- ਯਕੀਨੀ ਬਣਾਉਣਾ ਕਿ ਵੋਟ ਟੈਬੁਲੇਟਰ ਸਹੀ ਢੰਗ ਨਾਲ ਚੱਲ ਰਿਹਾ ਹੈ

- ਵੋਟ ਟੈਬੁਲੇਟਰ ਨੂੰ ਨਿਯਤ ਸਥਾਨ ਤੋਂ ਲੈਣਾ/ਵਾਪਸ ਛੱਡਣਾ
- ਵੋਟਿੰਗ ਸਥਾਨ ਦੇ ਸੈਟ ਅੱਪ, ਖੋਲ੍ਹਣ ਅਤੇ ਬੰਦ ਕਰਨ ਵਿੱਚ ਸਹਾਇਤਾ ਕਰਨਾ
- ਲਾਜ਼ਮੀ ਹੈ ਕਿ ਵੈਧ ਡ੍ਰਾਈਵਰਸ ਲਾਇਸੈਂਸ ਹੋਵੇ ਅਤੇ ਉਪ-ਚੋਣਾਂ ਵਾਲੇ ਦਿਨ, ਵੋਟ ਟੈਬੁਲੇਟਰ ਨੂੰ ਵੋਟਿੰਗ ਸਥਾਨ ਵਿਖੇ ਅਤੇ ਉੱਥੋਂ ਲਿਜਾਣ-ਲਿਆਉਣ ਲਈ ਵਾਹਨ ਤੱਕ ਪਹੁੰਚ ਹੋਵੇ
- ਲਾਜ਼ਮੀ ਹੈ ਕਿ ਲੰਮੇ ਸਮੇਂ ਤੱਕ ਖੜ੍ਹੇ ਹੋਣ ਯੋਗ ਹੋਵੇ

ਇਨਫਰਮੇਸ਼ਨ ਅਫਸਰ

- ਵੋਟਿੰਗ ਸਥਾਨ ਦੇ ਪ੍ਰਵੇਸ਼ ਦੁਆਰ ਵਿਖੇ ਸੁਆਗਤ ਕਰਨ ਵਾਲੇ ਵਜੋਂ ਕੰਮ ਕਰਨਾ
- ਚੋਣਕਾਰਾਂ ਨੂੰ ਪੁੱਛਣਾ ਕਿ ਕੀ ਉਹਨਾਂ ਕੋਲ ਵੋਟਰ ਨੋਟਿਫਿਕੇਸ਼ਨ ਕਾਰਡ ਅਤੇ/ਜਾਂ ਪਛਾਣ ਪੱਤਰ ਤਿਆਰ ਹੈ
- ਵੋਟਿੰਗ ਸਥਾਨ ਦੇ ਸੈਟ ਅੱਪ, ਖੋਲ੍ਹਣ ਅਤੇ ਬੰਦ ਕਰਨ ਵਿੱਚ ਸਹਾਇਤਾ ਕਰਨਾ

## ਕਿਸੇ ਅਹੁਦੇ ਲਈ ਅਪਲਾਈ ਕਰਨਾ

ਜੇਕਰ ਤੁਸੀਂ ਆਉਣ ਵਾਲੀਆਂ ਉਪ-ਚੋਣਾਂ ਵਿੱਚ ਕੰਮ ਕਰਨ ਦੇ ਇਛੁੱਕ ਹੋ, ਤਾਂ ਤੁਹਾਡੇ ਲਈ online ਅਪਲਾਈ ਕਰਨਾ ਲਾਜ਼ਮੀ ਹੈ। ਅਪਲਾਈ ਕਰਨ ਦੀ ਆਖਰੀ ਤਾਰੀਖ 31 ਮਾਰਚ, 2024 ਹੈ।

ਅਹੁਦਿਆਂ, ਟ੍ਰੇਨਿੰਗ ਅਤੇ ਮੁਆਵਜ਼ੇ ਬਾਰੇ ਵਧੇਰੇ ਜਾਣਕਾਰੀ ਲਈ, election worker webpage ਤੇ ਜਾਓ।

2024 ਦੀਆਂ ਉਪ-ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/electionsਤੇ ਜਾਓ।



-30-

**ਮੀਡੀਆ ਸੰਪਰਕ:**

City of Mississauga Media Relations
media@mississauga.ca
905-615-3200, ਐਕਸ. 5232

TTY: 905-896-5151